ਕਾਂਗਰਸ ਸੋਸ਼ਲਿਸਟਾਂ

ਦਾ

ਅਸਲੀ ਰੂਪ

G.403

ਦੇਸ਼-ਭਗਤ ਕਿ ਦੇਸ਼-ਧਰੋਹੀ ?

★

ਅਨੁਵਾਦਕ :
ਅਵਤਾਰ ਸਿੰਘ ਮਲ੍ਹੋਤਰਾ

★

ਕੀਮਤ ੯ ਆਨੇ

ਪ੍ਰਕਾਸ਼ਕ :—
ਪ੍ਰੋ ਗ੍ਰੈ ਸਿਵ ਪਬ ਲਿ ਸ਼ ਰ ਜ਼,
੧੧੪. ਮੈਕਲੋਡ ਰੋਡ, ਲਾਹੌਰ.

ਅਜ ਆਮ ਕਾਂਗਰਸੀ ਦੇਸ਼-ਭਗਤ ਤੋੜ ਫੋੜ ਅਤੇ ਖੁਰਾਕ ਲਈ ਬਲਵੇ ਫ਼ਸਾਦ ਬਿਲਕੁਲ ਨਹੀਂ ਚਾਹੁੰਦਾ। ਉਹ ਦੇਸ਼ ਦੀ ਭੁਖ ਤੇ ਫਾਕਾ-ਮਸਤੀ ਨੂੰ ਦੂਰ ਕਰਨ ਤੇ ਜਨਤਾ ਲਈ ਖੁਰਾਕ ਹਾਸਲ ਕਰਨ ਲਈ ਕੰਮ ਕਰਕੇ ਕੌਮ ਦੀ ਸੇਵਾ ਕਰਨੀ ਚਾਹੁੰਦਾ ਹੈ।

ਆਪਣੇ ਤਜਰਬੇ, ਕੌਮ ਲਈ ਪਿਆਰ, ਤੇ ਜੇਲ ਦੀਆਂ ਸੀਖਾਂ ਪਿਛੋਂ ਮਹਾਤਮਾਂ ਜੀ ਦੇ ਸੱਦੇ ਨੇ ਕਾਂਗਰਸੀ ਦੇਸ਼-ਭਗਤਾਂ ਵਿਚ ਇਹ ਅਹਿਸਾਸ ਜਗਾਇਆ ਹੈ।

ਭਾਵੇਂ ਇਹ ਸਚ ਹੈ ਕਿ ਉਨ੍ਹਾਂ ਵਿਚੋਂ ਕਈ ਹੌਂਸਲੇ ਢਾਹੀ ਬੈਠੇ ਹਨ। ਉਨ੍ਹਾਂ ਨੂੰ ਯਕੀਨ ਨਹੀਂ ਆਉਂਦਾ ਕਿ ਲੀਡਰਾਂ ਨੂੰ ਛੁਡਾ ਲੈਣਾ, ਤੇ ਅੜਿਕੇ ਨੂੰ ਖਤਮ ਕਰਨਾ ਮੁਮਕਿਨ ਹੈ। ਕਈ ਕਹਿੰਦੇ ਹਨ, ਜਦ ਤਕ ਲੀਡਰ ਜੇਲ੍ਹਾਂ ਅੰਦਰ ਹਨ, ਅਸੀਂ ਕੁਝ ਨਹੀਂ ਕਰ ਸਕਦੇ। ਪਰ ਕੋਈ ਵੀ ਕਾਂਗਰਸੀ ਦੇਸ਼ ਭਗਤ ਇਸ ਗਲੋਂ ਨਾਂਹ ਨਹੀਂ ਕਰਦਾ ਕਿ ਅੱਜ ਦੇਸ਼-ਭਗਤੀ ਦਾ ਇਕੋ ਰਾਹ ਹੈ ਤੇ ਉਹ ਹੈ—ਅੜਿੱਕਾ ਫੇਰਨ ਤੋੜਿਆ ਜਾਏ, ਅੰਨ-ਸੰਕਟ ਹਲ ਕਰਨ ਅਤੇ ਜਾਪਾਨੀ ਫਾਸ਼ਿਸ਼ਟਾਂ ਤੋਂ ਦੇਸ਼ ਦੀ ਰਖਿਆ ਕਰਨ ਲਈ ਕੌ.ੀ ਹਕੂਮਤ ਦੀ ਬੁਨਿਆਦ ਤੇ ਦੇਸ਼ ਨੂੰ ਛੇਤੀ ਤੋਂ ਛੇਤੀ ਜਥੇਬੰਦ ਕੀਤਾ ਜਾਏ।

ਕਾਂਗਰਸ ਦੀ ਫਾਸ਼ਿਸਟ-ਵਿਰੋਧੀ ਪਾਲਿਸੀ ਦਾ ਇਹ ਨਿਚੋੜ ਹੈ। ਲਿਨਲਿਥਗੋ ਤੇ ਐਮਰੀ ਹੀ ਕਾਂਗਰਸ ਨੂੰ "ਫਾਸ਼ਿਸਟ-ਦੋਸਤ" ਕਹਿੰਦੇ ਹਨ। ਆਮ ਕਾਂਗਰਸੀ ਦੇਸ਼ਭਗਤ ਪਾਸ ਉਨ੍ਹਾਂ ਦੇ ਬਕਵਾਸ ਦਾ ਸਾਫ ਜਵਾਬ ਹੈ ਕਿ ਕਾਂਗਰਸ ਦੇ ਅਗਸਤ ਦੇ ਮੱਤੇ ਦੇ ਪਿਛੇ ਇਹ ਖਿਆਲ ਕੰਮ ਕਰ ਰਿਹਾ ਸੀ ਕਿ ਜਾਪਾਨੀਆਂ ਦੇ ਹਮਲੇ ਤੋਂ ਪਹਿਲਾਂ ਕੌਮੀ-ਬਚਾਅ ਲਈ ਕੌਮੀ ਹਕੂਮਤ ਹਾਸਲ ਕਰ ਲਈ ਜਾਏ।

ਗ਼ਦਾਰ ਕੀ ਚਾਹੁੰਦੇ ਹਨ ?

ਆਓ, ਹੁਣ ਇੱਕ ਹੋਰ ਪਾਲਿਸੀ ਵਲ ਜਿਸਦਾ ਦੇਸ਼ ਵਿਚ ਕੁਝ ਰਾਜਸੀ ਧੜੇ ਪਰਚਾਰ ਕਰ ਰਹੇ ਹਨ, ਧਿਆਨ ਕਰੀਏ ਅਤੇ ਵੇਖੀਏ ਕਿ ਇਸਦਾ ਅਮਲੀ ਸਿੱਟਾ ਕੀ ਨਿਕਲਦਾ ਹੈ।

ਫਾਰਵਰਡ ਬਲਾਕ ਨੂੰ ਲਓ। ਇਸਦੀ ਪਾਲਸੀ ਹੈ, "ਜਾਪਾਨ ਰਾਹੀਂ ਆਜ਼ਾਦੀ"। ਇਸ ਧੜੇ ਦਾ ਲੀਡਰ, ਸੁਭਾਸ਼ ਬੋਸ, ਫਾਸ਼ਿਸਟ

ਤਾਕਤਾਂ ਨਾਲ ਘਿਓ-ਖਿਚੜੀ ਹੈ ਤੇ ਉਨ੍ਹਾਂ ਦੀਆਂ ਹਦੇਤਾਂ ਥਲੇ ਕੰਮ ਕਰ ਰਿਹਾ ਹੈ। ਉਸਦਾ ਕਹਿਣਾ ਹੈ ਕਿ ਜਾਪਾਨ ਨੇ ਬਰਮਾ ਨੂੰ "ਆਜ਼ਾਦੀ" ਦੇ ਦਿਤੀ ਹੈ। ਇਸੇ ਤਰ੍ਹਾਂ ਹਿੰਦੁਸਤਾਨ ਨੂੰ ਵੀ ਅੰਗਰੇਜ਼ਾਂ ਤੋਂ ਆਜ਼ਾਦ ਕਰਾ ਦਏਗਾ। ਹਰ ਇਕ ਸਮਝ ਸਕਦਾ ਹੈ ਕਿ ਇਹ ਪਾਲਿਸੀ ਡੰਕੇ ਦੀ ਚੋਟ ਨਾਲ ਜਾਪਾਨੀਆਂ ਦੇ ਹਕ ਵਿਚ ਹੈ।

ਆਓ, ਹੁਣ ਕਾਂਗਰਸ ਸੋਸ਼ਿਲਸਟ ਪਾਰਟੀ ਨੂੰ ਵੇਖੀਏ ਤੇ ਇਸਦੀ ਪਾਲਸੀ ਨੂੰ ਜਾਚੀਏ। ਇਸਦੇ ਲੀਡਰਾਂ ਦੀਆਂ ਲਿਖਤਾਂ ਕਿਸੇ ਸ਼ਕ ਦੀ ਗੁੰਜੇਸ਼ ਨਹੀਂ ਛਡਦੀਆਂ। ਰਾਮ ਮਨੋਹਰ ਲੋਹੀਆ ਨੇ, ਜੋ ਕਾਂਗਰਸ ਸੋਸ਼ਿਲਸਟ ਪਾਰਟੀ ਦੇ ਤਿੰਨ ਵਡੇ ਲੀਡਰਾਂ ਵਿਚੋਂ ਇਕ ਹੈ, ੨੫ ਅਪਰੈਲ ੧੯੪੩ ਨੂੰ ਇਕ ਗੁਪਤ ਛਪੇ ਅਖਬਾਰ ਵਿਚ ਆਪਣੇ ਦਸਖਤਾਂ ਥਲੇ ਲਿਖਿਆ, "ਅਗਸਤ, ਸਤੰਬਰ ਤੇ ਅਕਤੂਬਰ ੧੯੪੨ ਵਿਚ ਸਾਡੇ ਦੇਸ਼ ਵਿਚ ਇਤਿਹਾਸ ਦੀ ਸਭ ਤੋਂ ਵਡੀ ਬਗਾਵਤ ਹੋਈ। ਅਮਰੀਕਨਾ ਨੇ ਬਰਤਾਨੀ ਧਕੇਸ਼ਾਹੀ ਨੂੰ ਪੂਰੀ ਸਹੈਤਾ ਦਿਤੀ। ਪਰ ਜਾਪਾਨੀ ਰੋਡੀਓ ਤੋਂ ਹੀ ਚੀਕਦੇ ਰਹੇ।.....ਜੋ ਬੰਬਾਰੀ ਜਾਪਾਨ ਜਨਵਰੀ ੧੯੪੩ ਤੋਂ ਕਰ ਰਿਹਾ ਹੈ, ਕੀ ਉਹ ਸਾਡੀ ਬਗਾਵਤ ਵੇਲੇ ਨਹੀਂ ਕੀਤੀ ਜਾ ਸਕਦੀ ਸੀ ?" ਲੋਹੀਆ ਟੋਜੋ ਨਾਲ ਗੁੱਸਾ ਤੇ ਨਰਾਜ਼ਗੀ ਦਸਦਾ ਹੈ ਕਿ ਉਹ ਹਿੰਦੁਸਤਾਨ ਦੀ "ਬਗਾਵਤ" ਦੀ "ਮਦਦ" ਨੂੰ ਕਿਉਂ ਨਾਂ ਆਇਆ। ਉਹ ਟੋਜੋ ਨੂੰ "ਅਹਿਮਕ" ਕਹਿੰਦਾ ਹੈ।

ਕਾਂਗਰਸ ਸੋਸ਼ਿਲਸਟ ਪਾਰਟੀ ਦਾ ਦੂਜਾ ਲੀਡਰ, ਜੈ ਪਰਕਾਸ਼ ਨਰਾਇਨ, ਕੀ ਪਾਲਿਸੀ ਦੇਂਦਾ ਹੈ ? ਇਸ ਸਾਲ ਨੌਂ ਅਗਸਤ ਨੂੰ ਅੰਧਰਾ ਵਿਚ ਉਸਦੇ ਦਸਖਤਾਂ ਥਲੇ ਇਕ ਇਸ਼ਤਿਹਾਰ ਛਪਿਆ। ਜਿਸ ਵਿਚ ਉਸਨੇ ਹੜਤਾਲਾਂ ਕਰਨ, ਰੇਲ ਦੀਆਂ ਪਟੜੀਆਂ ਉਖਾੜਨ ਅਤੇ ਟੈਲੀਫੋਨ ਤੇ ਟੈਲੀਗਰਾਫ ਦੇ ਤਾਰ ਕੱਟਣ ਲਈ ਅਪੀਲ ਕੀਤੀ।

ਕਾਂਗਰਸ ਸੋਸ਼ਿਲਸਟ ਪਾਰਟੀ ਦਾ ਤੀਜਾ ਲੀਡਰ ਅਚੁਤ ਪਟਵਰਧਨ ਹੈ। ਉਹ ਇਕ ਗੁਪਤ ਅਖਬਾਰ "੯ ਅਗਸਤ" ਕਢਦਾ ਹੈ। ਉਸਦੇ ਦੂਜੇ ਪਰਚੇ ਵਿਚ ਅਪਣੀ ਅੜਿੱਕਾ ਤੋੜਨ ਵਿਰੁਧ ਪਾਲਿਸੀ ਦਾ ਖੁਲ੍ਹਾ ਐਲਾਨ ਕਰਦਾ ਹੈ। ਉਹ ਲਿਖਦਾ ਹੈ "ਮੌਜੂਦਾ ਅੜਿਕੇ ਦਾ ਜਾਰੀ ਰਹਿਣਾ ਸਾਡੀ ਹਾਰ ਨਹੀਂ, ਬਲਕਿ ਆਉਂਦੀ ਜਿੱਤ ਦੀ ਨਿਸ਼ਾਨੀ ਹੈ।" "ਜੇ ਅੜਿਕਾ ਟੁਟ ਜਾਏ ਤੇ ਹਕੂਮਤ ਨਾਲ ਕਾਂਗ੍ਰਸ ਦਾ

ਸਮਝੌਤਾ ਹੋ ਜਾਏ ਤਾਂ ਕੀ ਉਹ (ਕਾਂਗਰਸੀ) ਇਸ ਹਿੰਦੁਸਤਾਨ ਦੇ ਲਾਭਾਂ ਵਿਰੁਧ ਸਮਰਾਜੀ ਜੰਗ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਸਕਦੇ ਹਨ ?''

ਆਮ ਤੌਰ ਤੇ ਕਾਂਗਰਸੀ ਦੇਸ਼-ਭਗਤ ਅਚੁਤ ਪਟਵਰਧਨ ਨੂੰ ਸਚਾ ਕਾਂਗਰਸੀ ਤੇ ਗਾਂਧੀ-ਭਗਤ ਸਮਝਦੇ ਹਨ। ਆਓ ਵੇਖੀਏ, ਕੀ ਇਹ ਗਲ ਠੀਕ ਹੈ ?

ਓਸੇ ਪਰਚੇ ਵਿਚ ਓਹ ਗਾਂਧੀ ਜੀ ਦੇ ਨਾਂ ਤੇ "ਸ਼ਹਿਰੀ (ਸਿਵਲ) ਬੰਦੋਬਸਤ ਤੇ ਜੰਗੀ ਜਤਨ ਵਿਚ ਬਾਕਾਇਦਾ ਗੜਬੜ ਪਾਉਣ ਲਈ ਅਮਲੀ ਜਥੇ ਬਨਾਣ ਦਾ ਪਰਚਾਰ ਕਰਦਾ ਹੈ—ਅਥਵਾ ਹਰ ਕਿਸਮ ਦੀ ਤੋੜ ਫੋੜ ਦਾ ਪਰਚਾਰ ਕਰਦਾ ਹੈ।

ਇਸੇ ਤਰਾਂ ਮਰਹਟੀ ਅਖਬਾਰ ਜਿਸਨੂੰ ਅਚੁਤ ਪਟਵਰਧਨ ਤੇ ਸ: ਮ: ਜੋਸ਼ੀ (ਕਾਂਗਰਸ-ਸੋਸ਼ਿਲਿਸਟ ਆਗੂ) ਮਿਲਕੇ ਕਢਦੇ ਹਨ, ਖੁਲਮ-ਖੁਲਾ ਤੋੜ ਫੋੜ ਦਾ ਪਰਚਾਰ ਕਰਦਾ ਹੈ ਕਿ ਇਹ ਗਾਂਧੀ ਜੀ ਦੀ ਨਾ-ਮਿਲਵਰਤਨ ਦੀ ਅਮਲੀ ਕਾਰਵਾਈ ਦਾ ਹਿਸਾ ਹੈ। ਲੰਗਰ ਖੋਲਣ ਲਈ ਅਮੀਰਾਂ ਕੋਲੋਂ ਜ਼ੋਰ ਦੇ ਨਾਲ ਲੋਕਾਂ ਨੂੰ ਐਲਾਨੀਆਂ ਕਹਿੰਦਾ ਹੈ, ਸਰਕਾਰੀ ਡਿਪੂ ਲੁਟੋ। ਬੜੀ ਚਲਾਕੀ ਤੇ ਮਕਾਰੀ ਨਾਲ ਅਚੁਤ ਪਟਵਧਨ ਤੋੜ ਫੋੜ ਤੇ ਅਦਮ-ਤਸ਼ਦਦ (ਅਹਿੰਸਾ) ਨੂੰ ਰਲ-ਗਡ ਕਰ ਦੇਂਦਾ ਹੈ ਅਤੇ ਖੁਰਾਕੀ ਬਲਵਿਆਂ ਤੇ "ਉਸਾਰੂ" ਕੰਮ ਦਾ ਮੁਲੰਮਾ ਚੜਾ ਦੇਂਦਾ ਹੈ।

ਇਸੇ ਤਰਾਂ ਇਕ ਟੋਲਾ ਟਰਾਟਸਕਾਈਆਂ ਦਾ ਹੈ ਜੋ ਸਾਡ ਹੜਤਾਲਾਂ, ਤੋੜ ਫੋੜ, ਖੁਰਾਕੀ ਬਲਵੇ ਤੇ ਹਰ ਕਿਸਮ ਦੀ ਗੜਬੜ ਦਾ ਪਰਚਾਰ ਕਰਦੇ ਹ । ਅਹਿਕਾ ਤੋੜਨ ਤੇ ਲੀਡਰਾਂ ਨੂੰ ਛੁਡਾਉਣ ਦੀ ਪਾਲਿਸੀ ਨੂੰ "ਹਿੰਦੁਸਤਾਨ ਦੇ ਇਨਕਲਾਬ ਨਾਲ ਧਰੋਹ" ਕਹਿੰਦੇ ਹਨ। ਸਾਫ ਜ਼ਾਹਿਰ ਹੈ ਕਿ ਇਨਾਂ ਦੀ ਪਾਲਿਸੀ ਵੀ ਕਾਂਗਰਸ ਦੀ ਫਾਸ਼ਿਸ਼ਟ-ਵਿਰੋਧੀ ਪਾਲਿਸੀ ਦੇ ਉਲਟ ਹੈ।

ਫਾਰਵਰਡ ਬਲਾਕ ਡੰਕੇ ਦੀ ਚੋਟ ਨਾਲ ਕਹਿੰਦਾ ਹੈ "ਜਾਪਾਨੀਆਂ ਰਾਹੀਂ ਆਜ਼ਾਦੀ।" ਲੋਹੀਆ ਕਹਿੰਦਾ ਹੈ ਕਿ ਜੇ ਉਸ ਵੇਲੇ ਟੋਜੋ ਹਿੰਦੁਸਤਾਨ ਤੇ ਹਮਲਾ ਕਰ ਦੇਂਦਾ ਤਾਂ ੯ ਅਗਸਤ ਦਾ 'ਇਨਕਲਾਬ' ਸਫਲ ਹੋ ਜਾਂਦਾ। ਗਾਂਧੀ ਜੀ ਦਾ ਨਾਂ ਵਰਤਕੇ ਅਤੇ ਨਾ-ਮਿਲਵਰਤਣ

ਨੂੰ ਹੋਰ ਚੌੜਾ ਕਰਨ ਲਈ ਤੋੜ ਫੋੜ ਕਰਨ ਦਾ ਸੁਨੇਹਾ ਦੇਂਦਾ ਹੈ। ਜੋ ਪਰਕਾਸ਼ ਨਾਰਾਇਨ ਅਦਮ-ਤਸ਼ਦਦ (ਅਹਿੰਸਾ) ਨੂੰ ਬਿਲਕੁਲ ਰੱਦ ਕਰ ਦਿੰਦਾ ਹੈ। ਅਹਿਕੇ ਨੂੰ ਤੋੜਨ ਤੇ ਦੇਸ਼ ਬਚਾਅ ਲਈ ਕੌਮੀ ਹਕੂਮਤ ਕੌਮ ਕਰਨ ਨੂੰ "ਹਿੰਦੁਸਤਾਨ ਦੇ ਲਾਭਾਂ ਵਿਰੁਧ ਸਾਮਰਾਜੀ ਜੰਗ ਵਿਚ ਸ਼ਾਮਲ ਹੋਣਾ" ਕਹਿੰਦਾ ਹੈ ਤੇ ਇਸ ਦੀ ਨਿਖੇਧੀ ਕਰਦਾ ਹੈ।

ਇਨਾਂ ਤਿੰਨਾਂ ਟੋਲਿਆਂ ਦੀ ਪਾਲਿਸੀ ਵਿਚ ਕਿਹੜੀ ਗਲ ਸਾਂਝੀ ਹੈ ? ਜੇ ਸਾਰੀ ਗਲ ਦਾ ਨਿਚੋੜ ਕਢੀਏ ਤਾਂ ਇਹ ਹੈ ਕਿ : ਅਹਿਕਾ ਜ਼ਰੂਰ ਜਾਰੀ ਰਖਿਆ ਜਾਏ। ਕੌਮੀ ਹਕੂਮਤ ਨਾਂ ਕੌਮ ਹੋਵੇ, ਜਾਪਾਨ ਤੋਂ ਦੇਸ਼ ਰਖਿਆ ਨਾ ਕੀਤੀ ਜਾਏ।

ਇਹ ਗਲ ਹੈ ਜੋ ਅਚੁਤ ਪਟਵਰਧਨ ਨੂੰ, ਜੋ ਮਕਾਰੀ ਨਾਲ ਗਾਂਧੀ ਜੀ ਦਾ ਨਾਂ ਵਰਤਦਾ ਹੈ, ਜੋ ਪਰਕਾਸ਼ ਨਾਲ ਮਿਲਾਂਦੀ ਹੈ, ਜੋ ਅਦਮ ਤਸ਼ਦਦ (ਅਹਿੰਸਾ) ਨੂੰ ਰਦ ਕਰ ਦੇਂਦਾ ਹੈ। ਅਤੇ ਦੋਹਾਂ ਨੂੰ ਫਾਰਵਰਡ ਬਲਾਕ ਤੇ ਟਰਾਟਸਕਾਈਆਂ ਨਾਲ ਮਿਲਾਂਦੀ ਹੈ।

ਆਓ, ਹੁਣ ਉਹਲੀ ਗਲ-ਬਾਤ ਦਾ ਖੁਲਾਸਾ ਕਢੀਏ ਤੇ ਵੇਖੀਏ ਕਿ ਦੋਵਾਂ ਪਾਲਿਸੀਆਂ ਦਾ ਨਿਚੋੜ ਕੀ ਹੈ। ਇਹ ਦੋਵੇਂ ਪਾਲਿਸੀਆਂ ਇਕ ਦੂਜੇ ਦੇ ਬਿਲਕੁਲ ਉਲਟ ਹਨ। ਇਕ ਪਾਲਿਸੀ ਤੋੜ ਫੋੜ ਯਾ ਖੁਰਾਕੀ ਬਲਵੇ ਬਿਲਕੁਲ ਨਹੀਂ ਚਾਹੁੰਦੀ। ਉਹ ਅਹਿਕੇ ਨੂੰ ਫੋਰਨ ਤੋੜਨਾ ਚਾਹੁੰਦੀ ਹੈ ਤੇ ਜਾਪਾਨੀ ਹਮਲਾ-ਆਵਰਾਂ ਦੇ ਵਿਰੁਧ ਕੌਮੀ ਹਕੂਮਤ ਦੀ ਬੁਨਿਆਦ ਤੇ ਕੌਮੀ-ਬਚਾਅ ਨੂੰ ਜਥੇਬੰਦ ਕਰਨਾ ਚਾਹੁੰਦੀ ਹੈ। ਇਹ ਉਹ ਪਾਲਿਸੀ ਹੈ ਜੋ ਕਾਂਗਰਸੀ ਦੇਸ਼-ਭਗਤ ਦਿਨ ਬਦਿਨ ਦੇਸ਼ ਸਾਹਮਣੇ ਰਖ ਰਹੇ ਹਨ।

ਦੂਜੀ ਪਾਲਿਸੀ ਇਨਾਂ ਤਿੰਨਾਂ ਟੋਲਿਆਂ ਦੀ ਹੈ, ਜੋ ਭਾਵੇਂ ਬੋਲੀਆਂ ਤਾਂ ਵਖੋ ਵਖਰੀਆਂ ਬੋਲਦੇ ਹਨ, ਪਰ ਅਮਲ ਇਕੋ ਜੇਹਾ ਕਰਦੇ ਹਨ। ਕੋਈ ਖੁਲਮ ਖੁਲਾ ਤੋੜ ਫੋੜ ਤੇ ਖੁਰਾਕੀ ਬਲਵੇ ਚਾਹੁੰਦੇ ਹਨ, ਕੋਈ ਉਨਾਂ ਨਾਅਰਿਆਂ ਤੇ ਅਦਮ ਤਸ਼ਦਦ (ਅਹਿੰਸਾ) ਦਾ ਮੁਲੰਮਾ ਚੜਾਕੇ ਪੇਸ਼ ਕਰਦੇ ਹਨ। ਪਰ ਤਾਂ ਇਸ ਗਲ ਤੇ ਸਹਿਮਤ ਹਨ ਕਿ ਜਾਪਾਨੀਆਂ ਦੇ ਵਿਰੁਧ ਬਚਾਅ ਨੂੰ ਜਥੇ-ਬੰਦ ਕਰਨ ਦਾ ਕੋਈ ਸਵਾਲ ਨਹੀਂ ਉਠਦਾ, ਅਹਿਕਾ ਜ਼ਰੂਰ ਜਾਰੀ ਰਖਣਾ ਚਾਹੀਦਾ ਹੈ।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.